# ਰੁੱਖ ਬਚਣਗੇ ਤਾਂ ਹੀ ਬਚੇਗਾ ਸਾਡਾ 'ਜੀਵਨ'

**'ਰੁੱਖ'** ਸ਼ਬਦ ਪੜ੍ਹਨ, ਲਿਖਣ ਅਤੇ ਸੁਣਨ 'ਚ ਜਿੰਨਾ ਛੋਟਾ ਲੱਗ ਰਿਹਾ ਹੈ, ਇਸ ਸ਼ਬਦ ਦੇ ਅਰਥ ਓਨੇ ਹੀ ਡੂੰਘੇ ਹਨ। ਰੁੱਖ ਸਾਡੇ ਲਈ ਜੀਵਨਦਾਤਾ ਹਨ ਪਰ ਇਨਸਾਨ ਆਪਣੀਆਂ ਇੱਛਾਵਾਂ ਦੀ ਪੂਰਤੀ ਲਈ ਲਗਾਤਾਰ ਰੁੱਖਾਂ ਨੂੰ ਕੱਟ ਰਿਹਾ ਹੈ। ਕੀ ਇਹ ਠੀਕ ਹੈ? ਇਸ ਗੱਲ ਦਾ ਜਵਾਬ ਹਮੇਸ਼ਾ 'ਨਹੀਂ' ਹੋਵੇਗਾ।

ਜੇ ਰੁੱਖ ਨਹੀਂ ਬਚਣਗੇ ਤਾਂ ਕੀ ਸਾਡਾ ਜੀਵਨ ਬਚ ਸਕੇਗਾ? ਰੁੱਖਾਂ ਤੋਂ ਬਿਨਾਂ ਤਾਂ ਜੀਵਨ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਅਸੀਂ ਬਿਨਾਂ ਖਾਧੇ-ਪੀਤੇ ਤਾਂ 5-7 ਦਿਨ ਜ਼ਿੰਦਾ ਰਹਿ ਸਕਦੇ ਹਾਂ ਪਰ ਸਾਹ ਲਏ ਬਿਨਾਂ 5-7 ਮਿੰਟ ਵੀ ਜ਼ਿੰਦਾ ਨਹੀਂ ਰਹਿ ਸਕਦੇ। ਰੁੱਖ ਸਾਡੇ ਜਨਮ ਤੋਂ ਲੈ ਕੇ ਮਰਨ ਤਕ ਦੇ ਸਾਥੀ ਹਨ। ਕਿਸੇ ਕਵੀ ਨੇ ਵੀ ਕਿਹਾ ਹੈ ਕਿ 'ਜੀਤੇ ਲੱਕੜੀ, ਮਰਤੇ ਲੱਕੜੀ, ਖੇਲ ਤਮਾਸ਼ਾ ਲੱਕੜੀ ਕਾ', ਭਾਵ ਮਨੁੱਖ ਨੂੰ ਜਨਮ ਤੋਂ ਲੈ ਕੇ ਮਰਨ ਤਕ ਲੱਕੜੀ ਦੀ ਲੋੜ ਪੈਂਦੀ ਹੈ ਅਤੇ ਇਹ ਲੱਕੜੀ ਸਾਨੂੰ ਰੁੱਖਾਂ ਤੋਂ ਹੀ ਮਿਲਦੀ ਹੈ।

ਅਸੀਂ ਜਦੋਂ ਤਕ ਜ਼ਿੰਦਾ ਰਹਿੰਦੇ ਹਾਂ, ਉਦੋਂ ਤਕ ਰੁੱਖਾਂ 'ਤੇ ਹੀ ਨਿਰਭਰ ਹੁੰਦੇ ਹਾਂ ਕਿਉਂਕਿ ਜ਼ਿੰਦਾ ਰਹਿਣ ਲਈ ਆਕਸੀਜਨ ਦੀ ਲੋੜ ਹੁੰਦੀ ਹੈ, ਜੋ ਸਾਨੂੰ ਰੁੱਖਾਂ ਤੋਂ ਹੀ ਮਿਲਦੀ ਹੈ। ਮਰਨ ਤੋਂ ਬਾਅਦ ਵੀ ਰੁੱਖ ਸਾਡਾ ਸਾਥ ਦਿੰਦੇ ਹਨ ਕਿਉਂਕਿ ਅੰਤਿਮ ਸੰਸਕਾਰ 'ਚ ਇਸਤੇਮਾਲ ਹੋਣ ਵਾਲੀ ਲੱਕੜੀ ਸਾਨੂੰ ਰੁੱਖਾਂ ਤੋਂ ਹੀ ਮਿਲਦੀ ਹੈ ਪਰ ਅੱਜ ਦਾ ਇਨਸਾਨ ਵਿਕਾਸ ਦੇ ਨਾਂ 'ਤੇ ਬੇਰਹਿਮੀ ਨਾਲ ਰੁੱਖਾਂ ਨੂੰ ਵੱਢ ਰਿਹਾ ਹੈ, ਜਿਸ ਕਾਰਨ ਚੌਗਿਰਦੇ ਦਾ ਸੰਤੁਲਨ ਵੀ ਵਿਗੜ ਰਿਹਾ ਹੈ ਅਤੇ ਰੁੱਤਾਂ ਅਨਿਸ਼ਚਿਤ ਸਮੇਂ 'ਤੇ ਆ ਰਹੀਆਂ ਹਨ।

## ਕੁਦਰਤ ਦਾ ਅਨਮੋਲ ਤੋਹਫਾ

ਅਸੀਂ ਸਭ ਜਾਣਦੇ ਹਾਂ ਕਿ ਰੁੱਖ ਕੁਦਰਤ ਦਾ ਅਨਮੋਲ ਤੋਹਫਾ ਹਨ। ਰੁੱਖ ਮਨੁੱਖੀ ਜੀਵਨ ਲਈ ਵਰਦਾਨ ਵੀ ਹਨ ਅਤੇ ਧਰਤੀ ਦਾ ਸ਼ਿੰਗਾਰ ਵੀ। ਮਨੁੱਖ ਨੂੰ ਰੁੱਖਾਂ ਦੇ ਕਈ ਫਾਇਦੇ ਹਨ। ਰੁੱਖ ਨਾ ਸਿਰਫ ਸਾਨੂੰ ਭਾਵਨਾਤਮਕ ਸ਼ਾਂਤੀ ਦਿੰਦੇ ਹਨ, ਸਗੋਂ ਅਧਿਆਤਮਕ ਸ਼ਾਂਤੀ ਵੀ ਪ੍ਰਦਾਨ ਕਰਦੇ ਹਨ। ਰੁੱਖ ਸਾਨੂੰ ਹੜ੍ਹ ਦੇ ਖਤਰੇ ਤੋਂ ਬਚਾਉਂਦੇ ਹਨ, ਚੌਗਿਰਦੇ ਨੂੰ ਸਾਫ ਰੱਖਦੇ ਹਨ, ਸ਼ੁੱਧ ਹਵਾ ਦਿੰਦੇ ਹਨ ਅਤੇ ਵੱਖ-ਵੱਖ ਤਰ੍ਹਾਂ ਦੀਆਂ ਕੀਮਤੀ ਦਵਾਈਆਂ (ਜੜ੍ਹੀਆਂ-ਬੂਟੀਆਂ) ਵੀ ਦਿੰਦੇ ਹਨ। ਭੁੱਖ ਸ਼ਾਂਤ ਕਰਨ ਲਈ ਸਾਨੂੰ ਫਲ ਵੀ ਰੁੱਖਾਂ ਤੋਂ ਹੀ ਮਿਲਦੇ ਹਨ ਪਰ ਅਸੀਂ ਇਹ ਸਭ ਗੱਲਾਂ ਭੁੱਲ ਕੇ ਅੰਨ੍ਹੇਵਾਹ ਰੁੱਖਾਂ ਨੂੰ ਵੱਢੀ ਜਾ ਰਹੇ ਹਾਂ।

ਇਸ ਧਰਤੀ ਦੀ ਸ਼ੋਭਾ ਵੀ ਉਦੋਂ ਤਕ ਹੈ, ਜਦੋਂ ਤਕ ਇਥੇ ਹਰੇ-ਭਰੇ ਰੁੱਖ ਹਨ। ਜੇ ਧਰਤੀ 'ਤੇ ਰੁੱਖ-ਪੌਦੇ ਨਾ ਹੋਣ ਤਾਂ ਧਰਤੀ ਉਜਾੜ ਅਤੇ ਭਿਆਨਕ ਲੱਗੇਗੀ। ਰੁੱਖ ਧਰਤੀ ਦਾ ਗਹਿਣਾ ਹਨ ਅਤੇ ਪ੍ਰਦੂਸ਼ਣ ਦੂਰ ਕਰਦੇ ਹਨ। ਜੇ ਪ੍ਰਦੂਸ਼ਣ ਘਟੇਗਾ, ਤਾਂ ਹੀ ਅਸੀਂ ਸਾਫ-ਸੁਥਰੇ ਮਾਹੌਲ ਵਿਚ ਰਹਿ ਕੇ ਲੰਮੀ ਜ਼ਿੰਦਗੀ ਜਿਊਣ ਬਾਰੇ ਸੋਚ ਸਕਦੇ ਹਾਂ। ਇਹ ਕਹਿਣਾ ਵੀ ਗਲਤ ਨਹੀਂ ਹੋਵੇਗਾ ਕਿ ਰੁੱਖ ਤਾਂ ਸਾਡੇ ਬਿਨਾਂ ਰਹਿ ਸਕਦੇ ਹਨ ਪਰ ਅਸੀਂ ਰੁੱਖਾਂ ਤੋਂ ਬਿਨਾਂ ਨਹੀਂ ਰਹਿ ਸਕਦੇ।

ਰੁੱਖ ਸਾਡੇ ਬਹੁਤ ਚੰਗੇ ਦੋਸਤ ਹਨ ਪਰ ਸਾਡੀ ਲਾਪਰਵਾਹੀ ਕਾਰਨ ਅੱਜ ਧਰਤੀ ਉੱਤੋਂ ਲਗਾਤਾਰ ਰੁੱਖ ਕੱਟੇ ਜਾ ਰਹੇ ਹਨ ਅਤੇ ਓਜ਼ੋਨ ਦੀ ਪਰਤ ਦਾ ਬੁਰਾ ਅਸਰ ਧਰਤੀ 'ਤੇ ਪੈਣ ਲੱਗਾ ਹੈ ਕਿਉਂਕਿ ਧਰਤੀ ਦੇ ਇਸ ਰੱਖਿਆ ਕਵਚ 'ਚ ਵੀ ਤਰੇੜ ਪੈ ਗਈ ਹੈ। ਅਸੀਂ ਲਗਾਤਾਰ ਰੁੱਖ ਕੱਟ ਤਾਂ ਰਹੇ ਹਾਂ ਪਰ ਰੁੱਖ ਉਗਾਉਣ ਦੀ ਗੱਲ ਕੋਈ ਨਹੀਂ ਕਰਦਾ, ਜਦਕਿ ਵੱਡੇ-ਵੱਡੇ ਵਿਗਿਆਨੀਆਂ ਦਾ ਕਹਿਣਾ ਹੈ ਕਿ ਰੁੱਖ ਉਗਾਉਣਾ ਇਕ ਮਹਾਨ ਕੰਮ ਹੈ ਅਤੇ ਇਕ ਰੁੱਖ 10 ਪੁੱਤਰਾਂ ਜਿੰਨਾ ਸੁੱਖ ਦਿੰਦਾ ਹੈ। ਜੇ ਰੁੱਖਾਂ ਦੀ ਕਟਾਈ ਦਾ ਸਿਲਸਿਲਾ ਇੰਝ ਹੀ ਚੱਲਦਾ ਰਿਹਾ ਤਾਂ ਉਹ ਦਿਨ ਦੂਰ ਨਹੀਂ, ਜਦੋਂ ਭਾਰਤ ਦਾ ਹਰ ਸ਼ਹਿਰ ਦਿੱਲੀ ਜਿੰਨਾ ਦੂਸ਼ਿਤ ਹੋ ਜਾਵੇਗਾ।

## ਬਦਲ ਰਿਹੈ ਚੌਗਿਰਦੇ ਦਾ ਮਿਜ਼ਾਜ



ਪ੍ਰਿੰ. ਡਾ. ਮੋਹਨ ਲਾਲ ਸ਼ਰਮਾ

ਪਿਛਲੇ ਸਮੇਂ ਤੋਂ ਦੇਸ਼ 'ਚ ਚੌਗਿਰਦੇ ਦਾ ਮਿਜ਼ਾਜ ਲਗਾਤਾਰ ਬਦਲ ਰਿਹਾ ਹੈ। ਭਾਰਤ 'ਚ ਗਰਮੀਆਂ ਦੀ ਰੁੱਤ ਬਹੁਤ ਲੰਮੀ ਅਤੇ ਸਰਦੀਆਂ ਦੀ ਬਹੁਤ ਛੋਟੀ ਹੋਣ ਲੱਗੀ ਹੈ। ਇਕ ਰਿਪੋਰਟ ਮੁਤਾਬਿਕ ਦੁਨੀਆ ਦੇ ਸਭ ਤੋਂ ਦੂਸ਼ਿਤ 15 ਸ਼ਹਿਰਾਂ 'ਚੋਂ 14 ਭਾਰਤ ਦੇ ਹਨ, ਜਿਨ੍ਹਾਂ 'ਚੋਂ ਦਿੱਲੀ ਪਹਿਲੇ ਨੰਬਰ 'ਤੇ ਹੈ। ਜੇ ਦਿੱਲੀ ਅਤੇ ਦੇਸ਼ ਦੇ ਹੋਰ ਦੂਸ਼ਿਤ ਸ਼ਹਿਰਾਂ 'ਚ ਹਵਾ ਦੀ ਵਿਗੜਦੀ ਸਥਿਤੀ 'ਤੇ ਕਾਬੂ ਪਾਉਣਾ ਹੈ ਤਾਂ ਲੋਕਾਂ ਨੂੰ ਸੋਚ-ਸਮਝ ਕੇ ਕੰਮ ਕਰਨਾ ਪਵੇਗਾ, ਪ੍ਰਾਈਵੇਟ ਗੱਡੀਆਂ ਦੀ ਘੱਟ ਤੋਂ ਘੱਟ ਵਰਤੋਂ ਕਰ ਕੇ ਜਨਤਕ ਆਵਾਜਾਈ ਨੂੰ ਲਗਾਤਾਰ ਅਪਣਾ ਕੇ ਅਤੇ ਵੱਧ ਤੋਂ ਵੱਧ ਰੁੱਖ ਉਗਾ ਕੇ ਹਰਿਆਲੀ ਵਧਾਉਣੀ ਪਵੇਗੀ।



ਪਿਛਲੇ ਸਾਲ ਦਿੱਲੀ 'ਚ ਲੱਗਭਗ 1700 ਰੁੱਖ ਕੱਟੇ ਜਾਣ ਦਾ ਫੈਸਲਾ ਸੁਣਾਇਆ ਗਿਆ ਸੀ ਪਰ ਲੋਕਾਂ ਨੇ ਇਕ ਮੁਹਿੰਮ ਚਲਾਈ, ਜਿਸ ਕਾਰਨ ਸਰਕਾਰ ਨੂੰ ਆਪਣਾ ਫੈਸਲਾ ਵਾਪਸ ਲੈਣਾ ਪਿਆ। ਵਿਕਾਸ ਦੇ ਨਾਂ 'ਤੇ ਇਕ ਵੀ ਰੁੱਖ ਕੱਟਣ ਤੋਂ ਪਹਿਲਾਂ ਹਜ਼ਾਰ ਵਾਰ ਇਹ ਸੋਚ ਲੈਣਾ ਚਾਹੀਦਾ ਹੈ ਕਿ ਕੀ ਇਸ ਰੁੱਖ ਨੂੰ ਕੱਟਣ ਤੋਂ ਕਿਸੇ ਵੀ ਤਰ੍ਹਾਂ ਬਚਾਇਆ ਜਾ ਸਕਦਾ ਹੈ?

ਇਕ ਸਰਵੇਖਣ ਦੀ ਰਿਪੋਰਟ ਮੁਤਾਬਿਕ ਦੇਸ਼ 'ਚ ਸੰਘਣੇ ਜੰਗਲਾਂ ਦਾ ਰਕਬਾ ਲਗਾਤਾਰ ਘਟ ਰਿਹਾ ਹੈ। 1999 'ਚ ਇਥੇ ਲੱਗਭਗ 11.50 ਫੀਸਦੀ ਸੰਘਣੇ ਜੰਗਲ ਸਨ, ਜੋ ਹੁਣ ਘਟ ਕੇ 2.50 ਫੀਸਦੀ ਰਹਿ ਗਏ ਹਨ। ਜੇਕਰ 'ਨੇਚਰ' ਰਸਾਲੇ ਦੀ ਇਕ ਰਿਪੋਰਟ ਵੱਲ ਧਿਆਨ ਦਿੱਤਾ ਜਾਵੇ ਤਾਂ ਭਾਰਤ 'ਚ ਇਸ ਸਮੇਂ ਲੱਗਭਗ 35 ਅਰਬ ਰੁੱਖ ਹਨ ਅਤੇ ਹਰੇਕ ਵਿਅਕਤੀ ਦੇ ਹਿੱਸੇ ਲੱਗਭਗ 28 ਰੁੱਖ ਆਉਂਦੇ ਹਨ। ਇਹ ਅੰਕੜਾ ਪੜ੍ਹਨ-ਸੁਣਨ 'ਚ ਜਿੰਨਾ ਸੁੱਖ ਦੇ ਰਿਹਾ ਹੈ, ਓਨਾ ਵਧੀਆ ਹੈ ਨਹੀਂ ਕਿਉਂਕਿ ਦੇਸ਼ ਦੇ ਜ਼ਿਆਦਾਤਰ ਰੁੱਖ ਸੰਘਣੇ ਜੰਗਲਾਂ 'ਚ ਹਨ।

ਸ਼ਹਿਰਾਂ ਦੀ ਸਥਿਤੀ ਬਹੁਤ ਖਰਾਬ ਹੈ। ਕਈ ਸ਼ਹਿਰਾਂ ਵਿਚ ਤਾਂ ਸਾਹ ਲੈਣ 'ਚ ਵੀ ਪ੍ਰੇਸ਼ਾਨੀ ਹੁੰਦੀ ਹੈ ਕਿਉਂਕਿ ਲੋਕਾਂ ਦੀ ਅਣਗਹਿਲੀ ਕਾਰਨ ਉਥੋਂ ਦੀ ਹਵਾ ਦੂਸ਼ਿਤ ਹੋ ਚੁੱਕੀ ਹੈ। ਵਿਕਾਸ ਦੇ ਨਾਂ 'ਤੇ ਰੁੱਖਾਂ ਨੂੰ ਕੱਟ ਕੇ ਹਮੇਸ਼ਾ ਇਕ ਹੀ ਦਲੀਲ ਦਿੱਤੀ ਜਾਂਦੀ ਹੈ ਕਿ ਜਿੰਨੇ ਰੁੱਖ ਕੱਟੇ ਜਾਣਗੇ, ਉਨ੍ਹਾਂ ਨਾਲੋਂ 10 ਗੁਣਾ ਜ਼ਿਆਦਾ ਉਗਾਏ ਜਾਣਗੇ। ਅਸੀਂ ਖਾਨਾਪੂਰਤੀ ਲਈ ਪੌਦੇ ਲਾ ਤਾਂ ਦਿੰਦੇ ਹਾਂ ਪਰ ਉਨ੍ਹਾਂ 'ਚੋਂ ਸਿਰਫ 10 ਫੀਸਦੀ ਹੀ ਪਲਦੇ ਹਨ ਕਿਉਂਕਿ ਸਾਡੇ ਵੱਲੋਂ ਲਾਏ ਗਏ ਬਹੁਤੇ ਪੌਦੇ ਬਨਾਉਟੀ ਹੁੰਦੇ ਹਨ ਅਤੇ ਦੂਜਾ ਪੌਦਿਆਂ-ਰੁੱਖਾਂ ਦੀ ਦੇਖਭਾਲ ਲਈ ਸਾਡੇ ਕੋਲ ਸਮਾਂ ਨਹੀਂ ਹੈ। ਅੱਜ ਦੇ ਰੁਝੇਵਿਆਂ ਭਰੇ ਜੀਵਨ 'ਚ ਸਾਡੇ ਕੋਲ ਆਪਣੇ ਬੱਚਿਆਂ ਲਈ ਸਮਾਂ ਨਹੀਂ ਹੈ, ਰੁੱਖਾਂ ਦੀ ਸੰਭਾਲ ਲਈ ਕਿੱਥੋਂ ਹੋਵੇਗਾ।

## ਜਾਗਰੂਕਤਾ ਦੀ ਲੋੜ

ਰੁੱਖਾਂ ਨੂੰ ਕੱਟਣ ਤੋਂ ਬਚਾਉਣ ਲਈ ਸਾਨੂੰ ਲੋਕਾਂ ਨੂੰ ਜਾਗਰੂਕ ਕਰਨਾ ਪਵੇਗਾ ਪਰ ਲੋਕਾਂ ਨੂੰ ਰੁੱਖਾਂ ਦੀ ਮਹੱਤਤਾ ਬਾਰੇ ਸਮਝਾ ਸਕਣਾ ਵੀ ਤਾਂ ਸੌਖਾ ਨਹੀਂ ਹੈ। ਜੇ ਲੋਕ ਇਹ ਗੱਲ ਸਮਝਦੇ ਤਾਂ ਆਪਣੇ ਪੈਰਾਂ 'ਤੇ ਖ਼ੁਦ ਕੁਹਾੜੀ ਨਾ ਮਾਰਦੇ। ਜੇ ਅਸੀਂ ਭਵਿੱਖ 'ਚ ਇਨਸਾਨ ਨੂੰ ਸੁਰੱਖਿਅਤ ਦੇਖਣਾ ਚਾਹੁੰਦੇ ਹਾਂ ਤਾਂ ਸਾਨੂੰ ਜਾਗਣਾ ਵੀ ਪਵੇਗਾ ਅਤੇ ਦੂਜਿਆਂ ਨੂੰ ਜਗਾਉਣਾ ਵੀ ਪਵੇਗਾ।

ਕਿਉਂ ਨਾ ਰੁੱਖ ਉਗਾਉਣ ਦੀ ਸ਼ੁਰੂਆਤ ਅਸੀਂ ਆਪਣੇ ਪਰਿਵਾਰ ਤੋਂ ਹੀ ਕਰੀਏ। ਪਰਿਵਾਰ ਦੇ ਕਿਸੇ ਵੀ ਮੈਂਬਰ ਦੇ ਜਨਮ ਦਿਨ ਮੌਕੇ ਅਸੀਂ ਘੱਟੋ-ਘੱਟ 2 ਪੌਦੇ ਦਾਨ ਕਰੀਏ ਅਤੇ ਉਨ੍ਹਾਂ ਨੂੰ ਲਾ ਕੇ ਉਮਰ ਭਰ ਉਨ੍ਹਾਂ ਦੀ ਸੇਵਾ ਕਰੀਏ। ਜਦੋਂ ਤਕ ਅਸੀਂ ਸਹੁੰ ਖਾ ਕੇ ਰੁੱਖਾਂ ਦੀ ਰੱਖਿਆ ਨਹੀਂ ਕਰਾਂਗੇ, ਉਦੋਂ ਤਕ ਅਸੀਂ ਚੌਗਿਰਦਾ ਦਿਵਸ ਮਨਾਉਣ ਦੇ ਹੱਕਦਾਰ ਨਹੀਂ ਹੋਵਾਂਗੇ। ਸਾਨੂੰ ਸਭ ਨੂੰ ਮਿਲ ਕੇ ਇਹ ਕਹਿਣਾ ਪਵੇਗਾ ਕਿ 'ਰੁੱਖ ਬਚਣਗੇ ਤਾਂ ਹੀ ਬਚੇਗਾ ਸਾਡਾ ਜੀਵਨ।'

drmlsharma5@gmail.com

**ਜਗ ਬਾਣੀ**

ਜਲੰਧਰ, R.N.I. regd. no. 30794/78 ਪੋਸਟਲ ਰਜਿ. ਨੰ. PB/JL-193/2018-20

ਜਲੰਧਰ ਹੈੱਡ ਆਫਿਸ : 0181-5030000/1, 2280104/7, 5067200/1.

ਟੋਲ ਫ੍ਰੀ ਨੰਬਰ : 18001371800

ਫੈਕਸ : 0181-2280111/114, 5063750, 5030036

ਇਸ਼ਤਿਹਾਰ : 0181-5067249, 5067206, 5067263, 5067253

advt@punjabkesari.in, news@thepunjabkesari.com

ਸਰਕੂਲੇਸ਼ਨ : 98151-65655, 0181-5067251

ਮਾਲਕ ਹਿੰਦ ਸਮਾਚਾਰ ਲਿਮਿਟਿਡ ਸਿਵਲ ਲਾਈਨਜ਼ ਜਲੰਧਰ ਦੇ ਲਈ ਮੁਦਰਕ, ਪ੍ਰਕਾਸ਼ਕ ਅਤੇ ਸੰਪਾਦਕ ਆਰ. ਐੱਲ ਜੈਲੀ* ਵਲੋਂ ਪੰਜਾਬ ਕੇਸਰੀ ਪ੍ਰਿੰਟਿੰਗ ਪ੍ਰੈੱਸ, ਸਵਦੇਸ਼ ਪ੍ਰਿੰਟਿੰਗ ਪ੍ਰੈੱਸ, ਪ੍ਰੋਪਰਾਈਟਰ ਵਿਜੇ ਪ੍ਰਿੰਟਿੰਗ ਪ੍ਰੈੱਸ, ਜਲੰਧਰ ਤੋਂ ਛਪਵਾ ਕੇ ਸਿਵਲ ਲਾਈਨਜ਼ ਜਲੰਧਰ ਤੋਂ ਪ੍ਰਕਾਸ਼ਿਤ ਕੀਤਾ।

*ਇਸ ਅੰਕ ਵਿਚ ਪ੍ਰਕਾਸ਼ਿਤ ਖ਼ਬਰਾਂ ਦੀ ਚੋਣ ਅਤੇ ਸੰਪਾਦਨ ਵਾਸਤੇ ਪੀ.ਆਰ.ਬੀ. ਐਕਟ ਦੇ ਅਧੀਨ ਜਵਾਬਦੇਹ।

# पेड़ बचेंगे तो ही बचेगा हमारा जीवन

प्रि. डा. मोहन लाल शर्मा



'पेड़' -सुनने, लिखने और पढ़ने में यह शब्द जितना छोटा लग रहा है, इस शब्द के अर्थ में उतनी ही गहराई समाई हुई है? पेड़ हमारे लिए हमारा जीवन है लेकिन हम इंसान अपनी इच्छा पूरी करने के लिए पेड़ों को लगातार काट रहे हैं, उसके कागज बना रहे हैं। अपने स्वार्थ के लिए आदमी यह सब काम कर रहा है लेकिन क्या यह ठीक है? इस बात का जवाब हमेशा न में होगा? अगर पेड़ नहीं बचेंगे तो क्या जीवन बच पाएगा? पेड़ों के बिना तो जीवन की कल्पना भी नहीं की जा सकती। हम बिना खाए पिए तो 5-7 दिन जिंदा रह सकते हैं लेकिन सांस लिए बिना 5-7 मिनट भी जिंदा नहीं रह सकते। पेड़ तो हमारे जन्म से लेकर मरण तक के साथी हैं। किसी कवि ने भी कहा है कि 'जीते लकड़ी, मरते लकड़ी, खेल तमाशा लकड़ी का'। कहने का भाव मनुष्य को जन्म से मरण तक लकड़ी की आवश्यकता पड़ती है। यह लकड़ी हमें पेड़ों से ही मिलती है। हम जब तक जीवित रहते हैं, तब तक हम पेड़ों पर ही आश्रित रहते हैं क्योंकि जीवित रहने के लिए ऑक्सीजन की आवश्यकता होती है जो हमें पेड़ों से ही मिलती है। मरने के बाद भी पेड़ हमारा साथ देते हैं क्योंकि अंतिम संस्कार में प्रयोग होने वाली लकड़ी हमें पेड़ों से ही मिलती है लेकिन आज का इंसान विकास के नाम पर बेरहमी से पेड़ों को काट रहा है जिस कारण पर्यावरण का संतुलन लगातार बिगड़ रहा है। अनिश्चित समय ऋतुएं आ रही हैं।

## प्रकृति का अनमोल तोहफा

**हम** सभी लोग जानते हैं कि पेड़ प्रकृति का दिया हुआ एक अनमोल तोहफा है। पेड़ मानव जीवन के लिए एक वरदान भी है तथा धरती का शृंगार भी। पेड़ों के मानव को अनेक लाभ हैं। पेड़ न केवल हमें भावनात्मक शांति प्रदान करते हैं बल्कि हमें आध्यात्मिक शांति भी प्रदान करते हैं। पेड़ हमें बाढ़ के खतरों से बचाते हैं। पर्यावरण को स्वच्छ रखते हैं, शुद्ध हवा प्रदान करते हैं। अलग-अलग तरह की कीमती दवाइयां देते हैं। थकान मिटाने के लिए छाया देते हैं तथा भूख शांत करने के लिए फल व सब्जियां भी हमें पेड़ों से ही मिलती हैं लेकिन हम सब यह बातें भूल कर इन्हें लगातार काटे जा रहे हैं। इस धरती की शोभा भी तभी तक है जब तक धरती पर यह हरे-भरे पेड़ हैं, अगर धरती पर यह पेड़-पौधे न हों तो धरती मरघट के समान डरावनी, सुनसान और भयानक लगने लगेगी? हमें पेड़ों को बचाने के लिए यह नारा तो अवश्य ही लगाना होगा कि 'पेड़ धरती का आभूषण है करता दूर प्रदूषण है' अगर प्रदूषण कम होगा तो ही हम स्वच्छ जलवायु में रहकर लंबी आयु के जीवन के बारे में सोच सकते हैं। यह कहना भी गलत न होगा कि पेड़ तो हमारे बिना रह सकते हैं लेकिन हम पेड़ों के बिना नहीं रह सकते। यह सब कुछ जानकर कि पेड़ हमारे लिए कितने लाभदायक व आवश्यक हैं। यह हमारे कितने अच्छे दोस्त हैं, हमारी लापरवाही के कारण आज धरती से लगातार पेड़ काटे जा रहे हैं तथा ओजोन का प्रभाव धरती पर पड़ने लगा है। धरती के रक्षा कवच में भी दरार पड़ गई है। हम लगातार पेड़ काट तो रहे हैं लेकिन पेड़ लगाने की बात कोई नहीं कहता जबकि बड़े-बड़े वैज्ञानिकों का कहना है कि 'वृक्षारोपण है कार्य महान एक पेड़ 10 पुत्र समान' अगर कार्य इसी प्रकार चलता रहा तो वह दिन दूर नहीं जब भारत का हर शहर दिल्ली जितना प्रदूषित हो जाएगा।

## बदल रहा पर्यावरण का मिजाज

**पिछले** समय से देश में पर्यावरण का मिजाज लगातार बदल रहा है। भारत में गर्मियों की ऋतु बहुत लंबी तथा सर्दियां बहुत छोटी होने लगी हैं। एक रिपोर्ट के अनुसार दुनिया के सबसे प्रदूषित 15 शहरों में से 14 शहर भारत के हैं, जिनमें से दिल्ली का स्थान प्रथम है। अगर दिल्ली तथा देश के अन्य प्रदूषित शहरों में वायु की बिगड़ती स्थिति पर नियंत्रण करना है तो लोगों को सोच-समझ कर कार्य करना होगा। निजी वाहनों को कम से कम प्रयोग करके सार्वजनिक परिवहन को लगातार अपनाकर पेड़ों को अधिक से अधिक लगाकर हरियाली बढ़ानी होगी। पिछले साल दिल्ली में भी करीब 1700 पेड़ काटे जाने का फैसला सुनाया गया था लेकिन लोगों ने एक अभियान चलाया जिससे सरकार को यह फैसला वापस लेना पड़ा। विकास के नाम पर एक भी पेड़ काटने से पहले 1000 बार यह सोच लेना चाहिए कि क्या इस पेड़ को कटने से किसी भी प्रकार बचाया जा सकता है ।



एक सर्वेक्षण की रिपोर्ट के अनुसार देश में घने जंगलों का क्षेत्रफल लगातार कम हो रहा है। 1999 में घने जंगल लगभग 11.50 प्रतिशत थे जो अब घटकर 2.50 प्रतिशत रह गए हैं। यदि 'नेचर पत्रिका' की एक रिपोर्ट पर ध्यान दिया जाए तो भारत में इस समय करीब 35 अरब पेड़ हैं और प्रत्येक व्यक्ति के हिस्से में करीब 28 पेड़ आते हैं। यह आंकड़ा पढ़ने तथा सुनने में जितना सुख दे रहा है उतना है नहीं क्योंकि देश के अधिकतर पेड़ घने जंगलों में हैं। शहरों की स्थिति बहुत खराब है। कई शहरों में तो सांस लेने में भी परेशानी होती है क्योंकि लोगों की लापरवाही के कारण वहां की शुद्ध हवा अब दूषित हो चुकी है। विकास के नाम पर पेड़ों को काट कर हमेशा एक ही तर्क दिया जाता है कि जितने पेड़ काटेंगे उससे 10 गुना ज्यादा पेड़ लगाए जाएंगे। हम खानापूर्ति के लिए इन पेड़ों को लगा तो लेते हैं लेकिन उनमें से केवल 10 प्रतिशत ही पेड़ बच पाते हैं क्योंकि हमारे द्वारा लगाए गए अधिकतर पेड़ तो बनावटी होते हैं तथा अन्य पेड़ों की देखभाल के लिए हमारे पास समय नहीं है। आज के व्यस्त जीवन में हमारे पास हमारे बच्चों के लिए ही समय नहीं है तो पेड़ों के लिए कहां से आएगा।

## जागरूक करना होगा

**पेड़ों** को काटने से बचाने के लिए हमें लोगों को जागरूक करना होगा लेकिन लोगों को पेड़ों की महत्ता के बारे में समझा पाना भी तो आसान नहीं है। अगर लोग यह बात समझ जाते तो अपने पांव पर खुद कुल्हाड़ी न मार लेते, अगर हम भविष्य में इंसान को सुरक्षित देखना चाहते हैं तो हमें जगना भी होगा और जगाना भी होगा। क्यों न पेड़ को लगाने की शुरूआत हम अपने परिवार से ही करें। परिवार के किसी भी सदस्य के जन्म दिवस के अवसर पर हम कम से कम 2 पेड़ों का दान करें तथा जीवन भर उसकी सेवा करें। जब तक पेड़ों की रक्षा करने की कसम खाकर हम उसकी रक्षा नहीं करेंगे, तब तक हम पर्यावरण दिवस मनाने के हकदार नहीं होंगे। हम सबको मिलकर यह कहना होगा कि 'पेड़ बचेंगे तभी हमारा जीवन बचेगा।

drmlsharma5@gmail.com

पंजाब केसरी
जालंधर, R.N.I. Regd. No. 10117/65, पोस्टल रजि. नं. Pb/JL-192/2018-20
जालन्धर हैड ऑफिस: 0181-5067200/1, 5030000/1, 2280104/7.
Toll Free No. 18001371800
फैक्स : 0181-2280111-14, 5063750, 5030036.
विज्ञापन : 0181-5067249,5067206,5067263,5067253.
advt@punjabkesari.in, news@thepunjabkesari.com
सर्कुलेशन : 0181-5067251, 98151-65655.
स्वत्वाधिकारी हिंद समाचार लिमिटेड सिविल लाइन्स, जालन्धर के लिए मुद्रक, प्रकाशक तथा सम्पादक आर.एस. जोशी* द्वारा पंजाब केसरी प्रिंटिंग प्रेस, स्वदेश प्रिंटिंग प्रेस जालन्धर से मुद्रित तथा सिविल लाइन्स, जालन्धर से प्रकाशित।
* इस अंक में प्रकाशित समस्त समाचारों के चयन एवं सम्पादन हेतु पी.आर.बी. एक्ट के अन्तर्गत उत्तरदायी।